# ਵਰਲਡ ਪੰਜਾਬੀ ਟਾਈਮਜ਼

# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 15 ਅਗਸਤ 2025 ਦਿਨ ਸ਼ੁੱਕਰਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਬਾਬਾ ਫ਼ਰੀਦ ਪਬਲਿਕ ਸਕੂਲ ਦੇ ਵਿਦਿਆਰਥੀਆਂ ਦਾ ਆਜ਼ਾਦੀ ਦਿਵਸ ਸਮਾਰੋਹ ਮੌਕੇ ਸ਼ਾਨਦਾਰ ਪ੍ਰਦਰਸ਼ਨ

ਵਰਲਡ ਪੰਜਾਬੀ ਟਾਈਮਜ਼ ਧਰਮ ਪ੍ਰਵਾਨਾਂ



ਫ਼ਰੀਦਕੋਟ 15 ਅਗਸਤ : ਆਜ਼ਾਦੀ ਦਿਵਸ ਦੇ ਸ਼ਾਨਦਾਰ ਸਮਾਰੋਹ ਦਾ ਆਯੋਜਨ ਨਹਿਰੂ ਸਟੇਡੀਅਮ ਵਿਖੇ ਕੀਤਾ ਗਿਆ, ਜਿਸ ਵਿੱਚ ਬਾਬਾ ਫ਼ਰੀਦ ਪਬਲਿਕ ਸਕੂਲ ਫ਼ਰੀਦਕੋਟ ਦੇ ਵਿਦਿਆਰਥੀਆਂ ਨੇ ਉਤਕ੍ਰਿਸ਼ਟ ਪ੍ਰਦਰਸ਼ਨ ਕਰਕੇ ਸਭ ਦੇ ਦਿਲ ਜਿੱਤ ਲਏ। ਸਕੂਲ ਦੀ NCC ਟੀਮ ਨੇ ਦੂਜਾ ਸਥਾਨ ਹਾਸਲ ਕੀਤਾ, ਜਦਕਿ ਬੈਂਡ ਟੀਮ ਨੂੰ ਵਿਸ਼ੇਸ਼ ਸਨਮਾਨ ਨਾਲ ਨਿਵਾਜਿਆ ਗਿਆ। ਸਭਿਆਚਾਰਕ ਪ੍ਰੋਗਰਾਮਾਂ ਵਿੱਚ ਵੀ ਸਕੂਲ ਦੇ ਬੱਚਿਆਂ ਨੇ ਆਪਣੇ ਪ੍ਰਤਿਭਾਸ਼ਾਲੀ ਪ੍ਰਦਰਸ਼ਨ ਨਾਲ ਦਰਸ਼ਕਾਂ ਨੂੰ ਮੰਤਰਮੁਗਧ ਕੀਤਾ। ਖਾਸ ਕਰਕੇ PT Show "We Love India" ਥੀਮ 'ਤੇ ਆਧਾਰਿਤ ਸੀ, ਜਿਸ ਵਿੱਚ ਸਕੂਲ ਦੀਆਂ ਬੱਚੀਆਂ ਨੇ ਸ਼ਾਨਦਾਰ ਤੇ ਰੰਗ-ਬਿਰੰਗੇ ਪ੍ਰਦਰਸ਼ਨ ਨਾਲ ਸਭ ਦਾ ਮਨ ਮੋਹ ਲਿਆ। ਇਸ ਮੌਕੇ ਦੇ ਮੁੱਖ ਮਹਿਮਾਨ ਪੰਜਾਬ ਦੇ ਮਾਣਯੋਗ ਮੁੱਖ ਮੰਤਰੀ ਸ. ਭਗਵੰਤ ਮਾਨ ਜੀ ਸਨ, ਜਿਨ੍ਹਾਂ ਨੇ ਵਿਦਿਆਰਥੀਆਂ ਦੇ ਜੋਸ਼, ਅਨੁਸ਼ਾਸਨ ਅਤੇ ਕਲਾ ਦੀ ਖੁੱਲ੍ਹ ਕੇ ਪ੍ਰਸ਼ੰਸਾ ਕੀਤੀ। ਬਾਬਾ ਫ਼ਰੀਦ ਦੇ ਹੋਣਹਾਰ ਵਿਦਿਆਰਥੀ ਵੀ ਮਾਣਯੋਗ ਮੁੱਖਮੰਤਰੀ ਜੀ ਕੋਲੋ ਸਨਮਾਨ ਪ੍ਰਾਪਤ ਕਰ ਕੇ ਫ਼ਖ਼ਰ ਮਹਿਸੂਸ ਕਰ ਰਹੇ ਸਨ । ਸਕੂਲ ਦੇ ਕਾ. ਪ੍ਰਿੰਸੀਪਲ ਸੁਖਦੀਪ ਕੌਰ ਨੇ ਕਿਹਾ ਕਿ "ਸਾਡੇ ਵਿਦਿਆਰਥੀਆਂ ਦਾ ਇਹ ਪ੍ਰਦਰਸ਼ਨ ਸਿਰਫ਼ ਸਕੂਲ ਨਹੀਂ, ਸਗੋਂ ਪੂਰੇ ਸ਼ਹਿਰ ਲਈ ਮਾਣ ਦੀ ਗੱਲ ਹੈ। ਕਾ. ਵਾਇਸ ਪ੍ਰਿੰਸੀਪਲ ਹਰਸਿਮਰਨਜੀਤ ਕੌਰ ਨੇ ਵੀ ਟੀਮ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਕਿਹਾ ਕਿ "ਬੱਚਿਆਂ ਨੇ ਆਪਣੀ ਲਗਨ, ਅਨੁਸ਼ਾਸਨ ਅਤੇ ਟੀਮਵਰਕ ਨਾਲ ਸਾਬਤ ਕਰ ਦਿੱਤਾ ਹੈ ਕਿ ਜੇ ਇਰਾਦੇ ਪੱਕੇ ਹੋਣ ਤਾਂ ਹਰ ਮੰਜ਼ਿਲ ਆਸਾਨ ਬਣ ਜਾਂਦੀ ਹੈ।"

## ਟਿੱਲਾ ਬਾਬਾ ਫਰੀਦ ਜੀ ਵਿਖੇ ਮੁੱਖਮੰਤਰੀ ਸ. ਭਗਵੰਤ ਮਾਨ ਜੀ ਹੋਏ ਨਤਮਸਤਕ

ਵਰਲਡ ਪੰਜਾਬੀ ਟਾਈਮਜ਼ ਧਰਮ ਪ੍ਰਵਾਨਾਂ



ਫ਼ਰੀਦਕੋਟ 15 ਅਗਸਤ: ਪੰਜਾਬ ਦੇ ਮੁੱਖਮੰਤਰੀ ਸ. ਭਗਵੰਤ ਮਾਨ ਅੱਜ ਆਤਮਿਕ ਸ਼ਰਧਾ ਅਤੇਨਿਮਰਤਾ ਨਾਲ ਟਿੱਲਾ ਬਾਬਾ ਫਰੀਦ ਵਿਖੇ ਆਪਣੀ ਧਰਮਪਤਨੀ ਸਰਦਾਰਨੀ ਗੁਰਪ੍ਰੀਤ ਕੋਰ ਅਤੇ ਪੰਜਾਬ ਦੇ ਚੀਫ ਸਕੈਟਰੀ ਕੇ.ਏ.ਪੀ. ਸਿਨਹਾ ਨਾਲ ਹਾਜ਼ਰੀ ਲਗਾਉਣ ਅਤੇ ਅਸ਼ੀਰਵਾਦ ਪ੍ਰਾਪਤ ਕਰਨ ਪਹੁੰਚੇ। ਟਿੱਲਾ ਬਾਬਾ ਫਰੀਦ ਪਹੁੰਚਣ ਤੇ ਬਾਬਾ ਫਰੀਦ ਧਾਰਮਿਕ ਅਤੇ ਵਿੱਦਿਅਕ ਸੰਸਥਾਵਾਂ ਫ਼ਰੀਦਕੋਟ ਦੇ ਪ੍ਰਧਾਨ ਸ. ਸਿਮਰਜੀਤ ਸਿੰਘ ਸੇਖੋਂ ਜੀ ਦੀ ਪ੍ਰਧਾਨਗੀ ਹੇਠ, ਸੀਨੀਅਰ ਵਾਈਸ ਪ੍ਰਧਾਨ ਸ. ਦੀਪਿੰਦਰ ਸਿੰਘ ਸੇਖੋਂ, ਵਾਈਸ ਪ੍ਰਧਾਨ ਸ. ਗੁਰਜਾਪ ਸਿੰਘ ਸੇਖੋ, ਜਨਰਲ ਸਕੈਟਰੀ ਸ. ਸੁਰਿੰਦਰ ਸਿੰਘ ਰੋਮਾਣਾ, ਖਜਾਨਚੀ ਡਾ. ਗੁਰਿੰਦਰ ਮੋਹਨ ਸਿੰਘ, ਇਕਜ਼ਿਕਿਊਟਿਵ ਮੈਂਬਰ ਸ. ਕੁਲਜੀਤ ਸਿੰਘ ਮੌਂਗੀਆਂ ਅਤੇ ਐਡਵੋਕੇਟ ਸ. ਨਰਿੰਦਰ ਪਾਲ ਸਿੰਘ ਬਰਾੜ ਵੱਲੋਂ ਮੁੱਖਮੰਤਰੀ ਜੀ ਦਾ ਗਰਮਜੋਸ਼ੀ ਨਾਲ ਸੁਆਗਤ ਕੀਤਾ ਗਿਆ। ਟਿੱਲਾ ਬਾਬਾ ਫਰੀਦ ਦੇ ਹੈੱਡ ਗ੍ਰੰਥੀ ਵੱਲੋਂ ਉਹਨਾਂ ਨੂੰ ਸਿਰੋਪਾ ਭੇਂਟ ਕਰਕੇ ਧਾਰਮਿਕ ਸਨਮਾਨ ਪ੍ਰਦਾਨ ਕੀਤਾ। ਜਦੋਂ ਕਿ ਇਕਜ਼ਿਕਿਊਟਿਵ ਮੈਂਬਰ ਸ. ਕੁਲਜੀਤ ਸਿੰਘ ਮੌਂਗੀਆਂ ਨੇ ਬਾਬਾ ਫਰੀਦ ਸੰਸਥਾਵਾਂ ਦੇ ਸਿਰਜਕ ਸ. ਇੰਦਰਜੀਤ ਸਿੰਘ ਖਾਲਸਾ ਜੀ ਦੀਆਂ ਮਹੱਤਵਪੂਰਨ ਰਚਨਾਵਾਂ ਅਤੇ ਬਾਬਾ ਫਰੀਦ ਜੀ ਦੀ ਜੀਵਨੀ ਸੰਬੰਧੀ ਕਿਤਾਬਾਂ ਅਤੇ ਦੁਸ਼ਾਲਾ ਮੁੱਖਮੰਤਰੀ ਜੀ ਨੂੰ ਭੇਂਟ ਕੀਤਾ। ਮੁੱਖਮੰਤਰੀ ਭਗਵੰਤ ਮਾਨ ਜੀ ਨੇ ਕਿਹਾ ਕਿ "ਬਾਬਾ ਫਰੀਦ ਜੀ ਦੇ ਦਰ 'ਤੇ ਹਾਜ਼ਰੀ ਲਗਾਉਣਾ ਅਤੇ ਅਸ਼ੀਰਵਾਦ ਪ੍ਰਾਪਤ ਕਰਨਾ ਮੇਰੇ ਜੀਵਨ ਦਾ ਸਭ ਤੋਂ ਵੱਡਾ ਗੌਰਵ ਹੈ।

## ਦਸ਼ਮੇਸ ਗਲੋਰੀਅਸ ਪਬਲਿਕ ਸਕੂਲ ਹਰੀਨੌਂ ਵਿੱਚ ਜਨਮ ਅਸ਼ਟਮੀ ਦੇ ਤਿਉਹਾਰ ਦੀ ਧੂਮ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 15 ਅਗਸਤ : ਦਸ਼ਮੇਸ ਗਲੋਰੀਅਸ ਪਬਲਿਕ ਸਕੂਲ ਹਰੀ ਨੌਂ ਵਿੱਚ ਜਨਮ ਅਸ਼ਟਮੀ ਦਾ ਤਿਉਹਾਰ ਧੂਮ-ਧਾਮ ਨਾਲ ਮਨਾਇਆ ਗਿਆ। ਇਸ ਦਿਨ ਦੀ ਸ਼ੁਰੂਆਤ ਸਕੂਲ ਦੇ ਨਰਸਰੀ, ਐੱਲ.ਕੇ.ਜੀ. ਅਤੇ ਯੂ.ਕੇ.ਜੀ. ਵਿਦਿਆਰਥੀ ਨੇ ਸ਼੍ਰੀ ਕ੍ਰਿਸ਼ਨਾ ਜੀ ਤੇ ਰਾਧਾ ਜੀ ਦੀ ਪੁਸ਼ਾਕ ਵਿੱਚ ਆ ਕੇ ਕੀਤੀ । ਸ਼੍ਰੀ ਮਤੀ ਸੁਖਪਾਲ ਕੌਰ ਨੇ ਸਮਾਗਮ ਦੀ ਸ਼ੁਰੂਆਤ ਜਨਮ ਅਸ਼ਟਮੀ ਦੇ ਤਿਉਹਾਰ ਤੇ ਕ੍ਰਿਸ਼ਨਾ ਜੀ ਦੇ ਜਨਮ ਦੇ ਇਤਿਹਾਸ ਤੇ ਉਹਨਾਂ ਦੇ ਜੀਵਨ ਉਦੇਸ਼ ਬਾਰੇ ਦੱਸਿਆ। ਇਸ



ਸਮਾਗਮ ਵਿੱਚ ਬੱਚਿਆ ਨੇ ਬਹੁਤ ਸਾਰੀ ਆਇਟਮਾਂ ਪੇਸ਼ ਕੀਤੀਆ । ਨਰਸਰੀ ਜਮਾਤ ਦੇ ਵਿਦਿਆਰਥੀਆਂ ਨੇ ਇੱਕ ਖੂਬਸੂਰਤ ਡਾਂਸ ਪੇਸ਼ ਕੀਤਾ। ਐੱਲ.ਕੇ.ਜੀ. ਅਤੇ ਯੂ.ਕੇ.ਜੀ. ਦੇ ਵਿਦਿਆਰਥੀਆਂ ਨੇ ਰਲ ਕੇ ਡਾਂਸ ਦੀ ਧਮਕ ਛੱਡੀ। ਚੋਥੀ ਜਮਾਤ ਦੇ ਵਿਦਿਆਰਥੀ ਆਰਵਜੀਤ 'ਤੇ ਅਭੀਜੋਤ ਨੇ ਸ਼੍ਰੀ ਕਿਸ਼ਨ ਜੀ ਦੇ ਜੀਵਨ ਤੇ ਇਕ ਸਪੀਚ ਦਿੱਤੀ। ਛੇਵੀ ਦੀਆਂ ਵਿਦਿਆਰਥਣਾਂ ਨੇ ਵੀ ਸ਼੍ਰੀ ਕ੍ਰਿਸ਼ਨ ਜੀ ਦੇ ਜਨਮ ਤੇ ਕਵਿਤਾਵਾਂ ਪੇਸ਼ ਕੀਤੀ। ਪਹਿਲੀ ਤੋ ਪੰਜਵੀ ਜਮਾਤ ਦੀਆ ਵਿਦਿਆਰਥਣਾਂ ਨੇ ਰਲ ਕੇ ਇਕ ਡਾਂਸ ਪੇਸ਼ ਕੀਤਾ। ਸਕੂਲ ਦੇ ਐਮ.ਡੀ. ਬਲਜੀਤ ਸਿੰਘ, ਡਾਇਰਕੈਟਰ ਪ੍ਰਿੰਸੀਪਲ ਸ਼੍ਰੀਮਤੀ ਸੁਰਿੰਦਰ ਕੋਰ ਅਤੇ ਸਕੂਲ ਦੇ ਪ੍ਰਿੰਸੀਪਲ ਸ਼੍ਰੀਮਤੀ ਰੁਬੀਣਾ ਧੀਰ ਨੇ ਜਨਮ ਅਸ਼ਟਮੀ ਦੇ ਤਿਉਹਾਰ ਦੇ ਬਾਰੇ ਦੱਸਿਆ ਤੇ ਸਭ ਨੂੰ ਜਨਮ ਅਸ਼ਟਮੀ ਦੇ ਤਿਉਹਾਰ ਦੀ ਵਧਾਈ ਦਿੱਤੀ।

## ਅਜ਼ਾਦੀ

ਵਰਲਡ ਪੰਜਾਬੀ ਟਾਈਮਜ਼ ਧਰਮ ਪ੍ਰਵਾਨਾਂ

"ਹਾਂ ਬਈ , ਜੋਗਿੰਦਰ ਸਿਆਂ,ਅੱਜ ਕਿਵੇ ਸੁਵਖਤੇ ਹੀ ਰੋਟੀ ਵਾਲਾ ਥੈਲਾ ਚੁੱਕ ਤੁਰ ਪਿਐਂ",ਘਰੋਂ ਨਿਕਲਦੇ ਹੀ ਸਾਹਮਣਿਉਂ ਆਉਂਦੇ ਬਾਪੂ ਕਿਰਪਾਲ ਸਿੰਘ ਨੇ ਕਿਹਾ ,"ਅੱਜ ਤਾਂ ਪੁੱਤਰਾਂ 15 ਅਗਸਤ ਹੈ,ਕੀ, ਤੈਨੂੰ ਨੀ ਅੱਜ ਛੁੱਟੀ।" ਨਹੀ ਤਾਇਆ, " ਸਾਡੀ ਕਿਹੜਾ ਸਰਕਾਰੀ ਨੌਕਰੀ ਐ।ਅਸੀ ਤਾਂ ਪ੍ਰਾਈਵੇਟ ਨੌਕਰੀ ਕਰਦੇ ਹਾਂ। ਸਾਨੂੰ ਤਾਂ ਦਿਵਾਲੀ,ਹੋਲੀ ਜਿਹੇ ਵੱਡੇ ਤਿਉਹਾਰਾਂ ਤੇ ਵੀ ਛੁੱਟੀ ਨਹੀ ਹੁੰਦੀ 15 ਅਗਸਤ ਤਾਂ ਬਹੁਤ ਦੂਰ ਦੀ ਗੱਲ ਏ, ਇੱਥੋਂ ਤੱਕ ਕਿ ਸਾਨੂੰ ਐਤਵਾਰ ਨੂੰ ਵੀ ਛੁੱਟੀ ਨਹੀ ਹੁੰਦੀ।"

"ਇਹ ਤਾਂ ਬਹੁਤ ਮਾੜੀ ਗੱਲ ਐ", ਜੋਗਿੰਦਰ ਸਿਆਂ,

ਕੀ ਕਰੀਏ, ਬਾਪੂ ਜੀ ਪਰਿਵਾਰ ਤਾਂ ਪਾਲਣਾ ਹੀ ਹੈ ।ਪੜ ਲਿਖ ਕੇ ਕੋਈ ਨੌਕਰੀ ਮਿਲੀ ਨਹੀ,ਹੋਰ ਕੋਈ ਕੰਮ ਕਰ ਨਹੀ ਸਕਦੇ। ਬੱਸ ,ਇਹ ਪ੍ਰਾਈਵੇਟ ਅਦਾਰਿਆਂ ਵਿੱਚ ਹੀ ਸਾਨੂੰ ਤੁੱਛ ਜਿਹੀ ਤਨਖਾਹ ਤੇ ਮਜਬੂਰੀ ਵੱਸ ਕੰਮ ਕਰਨਾਂ ਪੈਂਦਾ ਹੈ ।ਸਾਡੇ ਹਾਲਾਤ ਤਾਂ ਬੰਧੂਆਂ ਮਜ਼ਦੂਰਾਂ ਤੋਂ ਵੀ ਮਾੜੇ ਨੇ, ਇਹਨਾਂ ਦੇ ਆਪਣੇ ਹੀ ਵੱਖਰੇ ਕਾਨੂੰਨ ਬਣਾਏ ਹੋਏ ਨੇ। ਬੱਸ, ਲੋਕਾਂ ਨੂੰ ਸਾਡੇ ਚੰਗਾ ਕੱਪੜਾ ਪਾਇਆ ਹੀ ਦਿੱਸਦਾ ਹੈ। ਇਹਨਾਂ ਕਾਲਿਆਂ ਦੇ ਰਾਜ ਨਾਲੋਂ ਤਾਂ ਅੰਗਰੇਜ਼ਾਂ ਦਾ ਰਾਜ ਸੋ ਗੁਣਾਂ ਚੰਗਾ ਸੀ । ਨਿਆਂ ਤਾਂ ਮਿਲਦਾ ਸੀ । ਸਾਡੀ ਪ੍ਰਾਈਵੇਟ ਅਦਾਰਿਆਂ ਵਿੱਚ ਕੰਮ ਕਰਦੇ ਮੁਲਾਜ਼ਮਾਂ ਦੀ ਕਾਹਦੀ ਅਜ਼ਾਦੀ। "

## " ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਪੰਜਵੀ ਅੰਮ੍ਰਿਤਾ ਪ੍ਰੀਤਮ ਅੰਤਰਰਾਸ਼ਟਰੀ ਕਾਵਿ ਮਿਲਣੀ ਬਹੁਤ ਸਫਲ ਅਤੇ ਪ੍ਰਭਾਵਸ਼ਾਲੀ ਹੋ ਨਿਬੜੀ "

ਵਰਲਡ ਪੰਜਾਬੀ ਟਾਈਮਜ਼ ਰਮਿੰਦਰ ਰੰਮੀ




ਬਰੈਂਪਟਨ , 15 ਅਗਸਤ : ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ ਪੰਜਵੀ ਅੰਮ੍ਰਿਤਾ ਪ੍ਰੀਤਮ ਅੰਤਰਰਾਸ਼ਟਰੀ ਕਾਵਿ ਮਿਲਣੀ ਬਹੁਤ ਸਫਲ ਅਤੇ ਪ੍ਰਭਾਵਸ਼ਾਲੀ ਹੋ ਨਿਬੜੀ । ਜਿਸ ਵਿੱਚ ਸੰਸਾਰ ਭਰ ਵਿੱਚੋਂ ਨਾਮਵਰ ਸ਼ਖ਼ਸੀਅਤਾਂ ਨੇ ਆਪਣੀ ਸ਼ਾਮੂਲੀਅਤ ਕੀਤੀ । ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੀ ਫ਼ਾਊਂਡਰ ਤੇ ਪ੍ਰਬੰਧਕ ਰਮਿੰਦਰ ਰੰਮੀ ਨੇ ਹਾਜ਼ਰੀਨ ਮੈਂਬਰਜ਼ ਨੂੰ ਰਸਮੀ ਜੀ ਆਇਆਂ ਇਹ ਕਹਿ ਕੇ ਕਿਹਾ ਕਿ :-

"ਤੁਸੀਂ ਘਰ ਅਸਾਡੇ ਆਏ , ਅਸੀਂ ਫੁੱਲੇ ਨਹੀਂ ਸਮਾਏ

ਹੋਸਟ ਰਿੰਟੂ ਭਾਟੀਆ ਨੇ ਸੱਭ ਤੋਂ ਪਹਿਲਾਂ ਪਾਕਿਸਤਾਨ ਦੇ ਨਾਮਵਰ ਲੋਕ ਸੂਫ਼ੀ ਗਾਇਕ ਹੁਸਨੈਨ ਅਕਬਰ ਜੀ ਨੂੰ ਆਪਣਾ ਗੀਤ ਪੇਸ਼ ਕਰਨ ਲਈ ਕਿਹਾ , ਕਿਉਂਕਿ ਉਹ ਏਅਰਪੋਰਟ ਤੇ ਬੈਠੇ ਸੀ ਤੇ ਉਹਨਾਂ ਦੇ ਨਾਲ ਪ੍ਰਾਈਮ ਏਸ਼ੀਆ ਦੇ ਮਸ਼ਹੂਰ ਪੱਤਰਕਾਰ ਤੇ ਟੀ ਵੀ ਐਂਕਰ ਜਸਵਿੰਦਰ ਬਿੱਟਾ ਜੀ ਵੀ ਸਨ ਜਿਹਨਾਂ ਨੇ ਆਪਣੇ ਫ਼ੋਨ ਤੋਂ ਲਿੰਕ ਐਡ ਕਰਕੇ ਹੁਸਨੈਨ ਅਕਬਰ ਜੀ ਨੂੰ ਗੀਤ ਗਾਉਣ ਲਈ ਕਿਹਾ । ਹੁਸਨੈਨ ਅਕਬਰ ਜੀ ਨੇ ਮੁਹੰਮਦ ਬਖ਼ਸ਼ ਜੀ ਦੇ ਗੀਤ ( ਦੁਨੀਆਂ ਇਕ ਮੁਸਾਫਰਖਾਨਾ , ਇੱਥੇ ਕੋਈ ਆਵੇ ਕੋਈ ਜਾਵੇ ) ਆਪਣੀ ਦਮਦਾਰ ਅਵਾਜ਼ ਵਿਚ ਸੁਣਾ ਕੇ ਪ੍ਰੋਗਰਾਮ ਦਾ ਆਗਾਜ਼ ਕੀਤਾ । ਸਰਪ੍ਰਸਤ ਸੁਰਜੀਤ ਜੀ ਨੇ ਅੰਮ੍ਰਿਤਾ ਪ੍ਰੀਤਮ ਨੂੰ ਸਮਰਪਿਤ ਆਪਣੀ ਲਿਖੀ ਨਜ਼ਮ ( ਅੱਲ੍ਹਾ ਇਹ ਕੌਣ ਆਇਆ ਹੈ ,ਕਿ ਮੇਰੀ ਜ਼ਾਤ ਤੇ ਅੱਜ ਇਸ਼ਕ ਦਾ ਇਲਜ਼ਾਮ ਆਇਆ ਹੈ ) ਸੁਣਾ ਕੇ ਸਾਰੇ ਸਰੋਤਿਆਂ ਦਾ ਨਿੱਘਾ ਸਵਾਗਤ ਕੀਤਾ । ਰਿੰਟੂ ਜੀ ਨੇ ਅੰਮ੍ਰਿਤਾ ਪ੍ਰੀਤਮ ਜੀ ਨੂੰ ਯੁਗ ਦੀ ਸ਼ਾਇਰਾ ਆਖਿਆ। ਉਹਨਾਂ ਨੇ ਅੰਮ੍ਰਿਤਾ ਦੀ ਇਕ ਰਚਨਾ ( ਮੈਂ ਤੈਨੂੰ ਫਿਰ ਮਿਲਾਂਗੀ ) ਆਪਣੀ ਖੂਬਸੂਰਤ ਆਵਾਜ਼ ਵਿਚ ਸੁਣਾ ਕੇ ਵੈਬੀਨਾਰ ਦੀ ਸ਼ੁਰੂਆਤ ਕੀਤੀ । ਰਿੰਟੂ ਨੇ ਦੱਸਿਆ ਕਿ ਅੱਜ ਦੀ ਮੀਟਿੰਗ ਵਿਚ :/ ਮੁੱਖ ਮਹਿਮਾਨ ਹੁਸਨੈਨ ਅਕਬਰ ਸੂਫ਼ੀ ਗਾਇਕ ਬਾਬਾ ਗਰੁੱਪ ਪਾਕਿ , ਡਾ . ਜਗਮੋਹਨ ਸ਼ਰਮਾ ਅਤੇ ਡਾ . ਜਗਮੋਹਨ ਸੰਘਾ ਸਨ ਤੇ
ਵਿਸ਼ੇਸ਼ ਮਹਿਮਾਨ ਵਿਚ ਡਾ . ਗੁਰਮੇਲ ਸੰਘਾ , ਡਾ . ਸੁਰਿੰਦਰਜੀਤ ਕੌਰ ਅਤੇ ਪ੍ਰੋ. ਬੀਰ ਇੰਦਰ ਸਰਾਂ ਅਤੇ
ਸਤਿਕਾਰਿਤ ਕਵੀਜਨ ਡਾ . ਮਨਮੋਹਨ ਕੌਰ , ਰਖਸ਼ੰਦਾ ਨਾਵੇਦ, ਸਿਮਰਜੀਤ ਕੌਰ ਗਰੇਵਾਲ ,ਸੁਨੀਲ ਚੰਦਿਆਣਵੀ ਅਤੇ ਅਭਯਜੀਤ ਝਾਂਜੀ ਸਨ । ਸੱਭ ਤੋਂ ਪਹਿਲਾਂ ਰਿੰਟੂ ਨੇ ਸੰਸਥਾ ਦੇ ਚੀਫ਼ ਪੈਟਰਨ ਡਾ . ਦਲਬੀਰ ਸਿੰਘ ਕਥੂਰੀਆ ਜੀ ਨੂੰ ਆਪਣੇ ਵਿਚਾਰ ਪੇਸ਼ ਕਰਨ ਲਈ ਕਿਹਾ । ਕਥੂਰੀਆ ਜੀ ਨੇ ਅਰਸ਼ਦ ਮੰਜ਼ੂਰ ਜੀ ਦੀ ਇੱਕ ਗ਼ਜ਼ਲ " ਕਰ ਇਕਰਾਰ ਮੁਹੱਬਤ ਕਰੀਏ " ਸੁਣਾ ਕੇ ਸੱਭ ਨੂੰ ਪਿਆਰ ਮੁਹੱਬਤ ਦਾ ਸੰਦੇਸ਼ ਦਿੱਤਾ ਕਿ ਸਾਨੂੰ ਸੱਭ ਨੂੰ ਨਫ਼ਰਤਾਂ ਮਿਟਾ ਕੇ ਇਕ ਹੋ ਕੇ ਰਹਿਣਾ ਚਾਹੀਦਾ ਹੈ । ਚੀਫ਼ ਗੈਸਟ ਡਾ . ਜਗਮੋਹਨ ਸ਼ਰਮਾ ਜੀ ਨੇ ਆਪਣੇ ਬਾਰੇ ਦੱਸਦਿਆਂ ਅੰਮ੍ਰਿਤਾ ਪ੍ਰੀਤਮ ਜੀ ਨੂੰ ਸਮਰਪਿਤ ਇਕ ਨਜ਼ਮ ( ਅੰਮ੍ਰਿਤਾ ਇਕ ਰੂਹਾਨੀ ਅਵਾਜ਼ ) ਪੇਸ਼ ਕੀਤੀ ।ਡਾ . ਮਨਮੋਹਨ ਕੌਰ ਨੇ " ਮੇਰੇ ਮਾਣ ਦੀ ਕਹਾਣੀ "ਕਵਿਤਾ ਸਾਂਝੀ ਕੀਤੀ । ਚੀਫ਼ ਐਡਵਾਈਜ਼ਰ ਡਾ . ਨਵਜੋਤ ਕੌਰ ਜੀ ਨੇ " ਖੁਸ਼ਾਮਦੀਦ " ਰਚਨਾ ਨੂੰ ਸਾਂਝੇ ਕੀਤਾ । ਪ੍ਰੋ . ਬੀਰ ਇੰਦਰ ਸਰਾਂ ਨੇ ਅੰਮ੍ਰਿਤਾ ਪ੍ਰੀਤਮ ਨੂੰ ਸਮਰਪਿਤ ਆਪਣੀ ਰਚਨਾ ਪੇਸ਼ ਕੀਤੀ ਜਿਸ ਵਿਚ ਅੰਮ੍ਰਿਤਾ ਪ੍ਰੀਤਮ ਜੀ ਦੀਆਂ ਕਿਤਾਬਾਂ ਦੇ ਨਾਮ ਦਰਜ ਸਨ ।ਵਿਸ਼ੇਸ਼ ਮਹਿਮਾਨ ਸੁਨੀਲ ਚੰਦਿਆਣਵੀ ਜੀ ਨੇ ਆਪਣੀ ਖੂਬਸੂਰਤ ਗ਼ਜ਼ਲ । ( ਕੀ ਪਤਾ ਫਿਰ ਤੋਂ ਇਹ ਜ਼ਿੰਦਗੀ ਮਿਲੇ ਤੇ ਮੈਂ ਸਮੁੰਦਰ ਹੋ ਕੇ ਵੀ ਉਸਨੂੰ ਉਡੀਕੀ ਜਾ ਰਿਹਾ ਹਾਂ ) ਸਾਂਝੀ ਕੀਤੀ । ਮੀਤ ਪ੍ਰਧਾਨ ਸਤਬੀਰ ਸਿੰਘ ਨੇ "ਚਾਦਰ " ਕਵਿਤਾ ਪੇਸ਼ ਕੀਤੀ । ਡਾ . ਗੁਰਮੇਲ ਸੰਘਾ ਨੇ " ਚੇਤਰ ਦਾ ਵਣਜਾਰਾ ਆਇਆ " ਆਪਣੀ ਖੂਬਸੂਰਤ ਅਵਾਜ਼ ਵਿਚ ਤਰੰਨਮ ਵਿਚ ਗਾ ਕੇ ਆਪਣੀ ਰਚਨਾ ਪੇਸ਼ ਕੀਤੀ । ਸਿਮਰ ਗਰੇਵਾਲ ਨੇ " ਤੇਰੀ ਵੰਝਲੀ ਦੀ ਹੂਕ ਤੇ ਚਰਖੇ ਦੀ ਘੂਕ " ਰਚਨਾ ਨੂੰ ਤਰੰਨਮ ਵਿਚ ਗਾ ਕੇ ਸੁਣਾਇਆ । ਫਿਰ ਡਾ . ਜਗਮੋਹਨ ਸੰਘਾ ਨੇ ਪਹਿਲਾਂ ਅੰਮ੍ਰਿਤਾ ਨਾਲ ਆਪਣੀ ਮੁਲਾਕਾਤ ਦੀ ਗੱਲ ਕੀਤੀ ਤੇ ਫਿਰ ਆਪਣੀ ਇੱਕ ਬਹੁਤ ਖ਼ੂਬਸੂਰਤ ਗ਼ਜ਼ਲ " ਲੋਕ ਮਿਲਦੇ ਨੇ ਅੱਜਕੱਲ ਹਵਾਵਾਂ ਦੇ ਵਾਂਗ " ਨੂੰ ਪੇਸ਼ ਕੀਤਾ ।ਫਿਰ ਸੁਰਿੰਦਰਜੀਤ ਕੌਰ ਨੇ ਅੰਮ੍ਰਿਤਾ ਪ੍ਰੀਤਮ ਨਾਲ ਆਪਣੀਆਂ ਯਾਦਾਂ ਦੀ ਸਾਂਝ ਪਾਈ ਤੇ ਆਪਣੀ ਇਕ ਦਿਲ ਟੁੰਬਵੀਂ ਕਵਿਤਾ " ਜਦੋਂ ਮੈਂ ਜੰਮੀ ਮੈਂ ਪਰਾਈ ਸੀ " ਪੇਸ਼ ਕੀਤੀ । ਆਖੀਰ ਵਿਚ ਰਖਸ਼ੰਦਾ ਨਾਵੇਦ ਜੀ ਨੇ ਦੱਸਿਆ ਕਿ ਉਹਨਾਂ ਨੇ ਪੰਜਾਬੀ ਲਿਖਣੀ ਪੜ੍ਹਣੀ ਅੰਮ੍ਰਿਤਾ ਪ੍ਰੀਤਮ ਜੀ ਦੀਆਂ ਨਜ਼ਮਾਂ ਪੜ੍ਹ ਸੁਣ ਕੇ ਸਿੱਖੀ ਤੇ ਅੰਮ੍ਰਿਤਾ ਨੂੰ ਸਮਰਪਿਤ ਆਪਣੀ ਰਚਨਾ ਪੇਸ਼ ਕੀਤੀ । ਸੰਸਥਾ ਦੇ ਚੇਅਰਮੈਨ ਸ . ਪਿਆਰਾ ਸਿੰਘ ਕੁੱਦੋਵਾਲ ਜੀ ਜੋ ਕਿ ਪ੍ਰੋਗਰਾਮ ਨੂੰ ਆਪਣੇ ਵਿਲੱਖਣ ਅੰਦਾਜ਼ ਵਿੱਚ ਸੱਮ ਅੱਪ ਵੀ ਕਰਦੇ ਹਨ , ਬਹੁਤ ਸ਼ਿੱਦਤ ਨਾਲ ਨਿਠ ਕੇ ਸਾਰੇ ਪ੍ਰੋਗਰਾਮ ਨੂੰ ਸੁਣਦੇ ਹਨ ਤੇ ਫਿਰ ਸਾਰੇ ਸ਼ਾਇਰਾਂ ਦੀਆਂ ਰਚਨਾਵਾਂ ਤੇ ਬਹੁਤ ਭਾਵਪੂਰਤ ਆਪਣੀਆਂ ਟਿੱਪਣੀਆਂ ਨੂੰ ਸਾਂਝੇ ਕਰਦੇ ਹਨ । ਉਹਨਾਂ ਦੱਸਿਆ ਕਿ ਰਖਸ਼ੰਦਾ ਨਾਵੇਦ ਦੀ ਇਕ ਰਚਨਾ " ਮੈਂ ਅੰਮ੍ਰਿਤਸਰੀ ਜਮਾਂਦਰੂ " ਸੁਣਾ ਕੇ ਸੱਭ ਦਾ ਦਿਲ ਜਿੱਤ ਲਿਆ । ਉਹਨਾਂ ਸਾਡੇ ਨਾਲ ਜਲਿਆਂ ਵਾਲੇ ਬਾਗ ਦੀ ਆਪਣੀ ਸਾਂਝ ਵੀ ਪੁਆਈ । ਸ . ਪਿਆਰਾ ਸਿੰਘ ਕੁੱਦੋਵਾਲ ਜੀ ਨੇ ਅੰਮ੍ਰਿਤਾ ਪ੍ਰੀਤਮ ਤੇ ਉਹਨਾਂ ਦੀ ਜ਼ਿੰਦਗੀ ਬਾਰੇ ਕਾਫ਼ੀ ਗੱਲਾਂ ਸਾਂਝੀਆਂ ਕੀਤੀਆਂ । ਉਹਨਾਂ ਦੱਸਿਆ ਕਿ ਅੰਮ੍ਰਿਤਾ ਪ੍ਰੀਤਮ ਜੀ ਨੇ ਸ਼ੁਰੂਆਤ ਵਿਚ ਧਾਰਮਿਕ ਕਵਿਤਾਵਾਂ ਲਿਖੀਆਂ ਸਨ । ਅੰਮ੍ਰਿਤਾ ਪ੍ਰੀਤਮ ਜੀ ਦਾ ਵੀ ਬਹੁਤ ਵਿਰੋਧ ਹੋਇਆ ਲੋਕਾਂ ਵੱਲੋਂ ਪਰ ਜੱਦ ਤੱਕ ਤੁਹਾਡਾ ਵਿਰੋਧ ਨਹੀਂ ਹੁੰਦਾ ਉਹ ਵੱਡਾ ਲੇਖਕ ਨਹੀਂ ਬਣ ਸਕਦਾ । ਚੇਅਰਮੈਨ ਸ . ਪਿਆਰਾ ਸਿੰਘ ਕੁੱਦੋਵਾਲ ਜੀ ਨੇ ਆਖੀਰ ਵਿੱਚ ਮੀਟਿੰਗ ਵਿੱਚ ਹਾਜ਼ਰੀਨ ਮੈਂਬਰਜ਼ ਦਾ ਮੋਹ ਭਿੱਜੇ ਸ਼ਬਦਾਂ ਨਾਲ ਧੰਨਵਾਦ ਕੀਤਾ ਤੇ ਕਿਹਾ ਕਿ ਅੱਜ ਦਾ ਵੈਬੀਨਾਰ ਬਹੁਤ ਸਫਲ ਰਿਹਾ । ਰਿੰਟੂ " ਚਾਨਣ ਦੀ ਫੁਲਕਾਰੀ ਤੋਪਾਂ ਕੌਣ ਭਰੇ " ਆਪਣੀ ਸੁਰੀਲੀ ਅਵਾਜ਼ ਵਿੱਚ ਸੁਣਾ ਕੇ ਸਰੋਤਿਆਂ ਨੂੰ ਮੰਤਰਮੁਗਧ ਕੱਲ ਦਿੱਤਾ ।ਡਾ . ਦਲਬੀਰ ਸਿੰਘ ਕਥੂਰੀਆ ਜੀ ਨੂੰ ਸੰਸਥਾ ਦੇ ਚੀਫ਼ ਪੈਟਰਨ ਅਤੇ ਡਾ . ਨਵਜੋਤ ਕੌਰ ਜੀ ਨੂੰ ਚੀਫ਼ ਐਡਵਾਈਜ਼ਰ ਬਨਣ ਤੇ ਸੱਭ ਮੈਂਬਰਜ਼ ਵੱਲੋਂ ਵਧਾਈ ਦਿੱਤੀ ਗਈ । ਡਾ . ਅਮਰ ਜੋਤੀ ਮਾਂਗਟ , ਰਾਜਬੀਰ ਕੌਰ ਗਰੇਵਾਲ , ਡਾ . ਨਵਰੂਪ ਕੌਰ , ਡਾ . ਪੁਸ਼ਵਿੰਦਰ ਕੌਰ , ਸ . ਹਰਦਿਆਲ ਸਿੰਘ ਝੀਤਾ , ਗੁਰਚਰਨ ਸਿੰਘ ਜੋਗੀ , ਹਰਜੀਤ ਬਮਰਾਹ , ਜੈਲੀ ਗੇਰਾ , ਕੁਲਪ੍ਰੀਤ ਰਾਣਾ , ਪਿਆਰਾ ਸਿੰਘ ਘਲੋਟੀ , ਡਾ . ਗੁਰਜੰਟ ਸਿੰਘ , ਡਾ . ਰਾਜਵਿੰਦਰ ਹੁੰਦਲ , ਗੁਰਮੀਤ ਸਿੰਘ ਹੁੰਦਲ , ਅੰਮ੍ਰਿਤਾ ਦਰਸ਼ਨ , ਜਗਦੀਪ ਮਾਂਗਟ ਅਤੇ ਦੇਸ਼ਾਂ ਵਿਦੇਸ਼ਾਂ ਤੋਂ ਬਹੁਤ ਨਾਮਵਰ ਸ਼ਖ਼ਸੀਅਤਾਂ ਨੇ ਇਸ ਵੈਬੀਨਾਰ ਵਿੱਚ ਸ਼ਿਰਕਤ ਕੀਤੀ ।

## 79ਵਾਂ ਅਜਾਦੀ ਦਿਹਾੜਾ ਉਤਸ਼ਾਹ ਅਤੇ ਦੇਸ਼ ਭਗਤੀ ਦੇ ਜਜ਼ਬੇ ਨਾਲ ਮਨਾਇਆ : ਬਲਜੀਤ ਸਿੰਘ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 15 ਅਗਸਤ : ਦਸਮੇਸ਼ ਗਲੋਰੀਅਸ ਪਬਲਿਕ ਸਕੂਲ ਵਿੱਚ 79ਵਾਂ ਸੁਤੰਤਰਤਾ ਦਿਵਸ ਉਤਸ਼ਾਹ ਅਤੇ ਦੇਸ਼ ਭਗਤੀ ਦੇ ਜਜ਼ਬੇ ਨਾਲ ਮਨਾਇਆ ਗਿਆ। ਸਕੂਲ ਦੇ ਆਂਗਣ ਨੂੰ ਤਿਰੰਗੇ ਰੰਗਾਂ ਨਾਲ ਸੁਸੱਜਤ ਕੀਤਾ ਗਿਆ ਸੀ ਅਤੇ ਹਰ ਪਾਸੇ ਦੇਸ਼ ਭਗਤੀਮਈ ਗੀਤ ਗੂੰਜ ਰਹੇ ਸਨ। ਸਮਾਗਮ ਦੀ ਸ਼ੁਰੂਆਤ ਵਿੱਚ ਦੂਜੀ ਤੋ ਛੇਵੀਂ ਜਮਾਤ ਦੇ ਵਿਦਿਆਰਥੀਆ ਨੇ ਦੇਸ਼ ਭਗਤੀ ਤੇ ਇੱਕ ਨਾਟਕ ਪੇਸ਼ ਕੀਤਾ। ਜਮਾਤ ਚੋਥੀ ਦੀ ਵਿਦਿਆਰਥਣਾਂ ਏਕਮਜੀਤ ਕੌਰ, ਹਰਸੀਰਤ ਕੌਰ ਤੇ ਪੰਜਵੀ ਜਮਾਤ ਦੀ ਵਿਦਿਆਰਥਣ ਅੰਸ਼ਪ੍ਰੀਤ



ਕੌਰ ਨੇ ਰਲ ਕੇ ਇੱਕ ਦੇਸ਼ਭਗਤੀ ਤੇ ਕਵਿਤਾ ਪੇਸ਼ ਕੀਤੀ। ਸਕੂਲ ਦੇ ਅਧਿਆਪਕ ਰਮਨਦੀਪ ਕੌਰ ਤੇ ਬਲਜੀਤ ਕੌਰ ਨੇ ਸਕੂਲ ਦੇ ਸਾਰੇ ਵਿਦਿਆਰਥੀ ਨੂੰ ਦੇਸ਼ ਭਗਤਾਂ ਦੁਆਰਾਂ ਦਿਤੀਆਂ ਕੁਰਬਾਨੀਆਂ ਤੇ ਦੇਸ਼ ਦੀ ਸਹੀ ਆਜ਼ਾਦੀ ਦਾ ਮਹੱਤਵ ਦੱਸਿਆ।ਜਮਾਤ ਚੋਥੀ ਦੇ ਵਿਦਿਆਰਥੀ ਅਭਿਜੋਤ ਸਿੰਘ ਨੇ 'ਮੈਂ ਆਜ਼ਾਦੀ ਦਾ ਦੀਵਾਨਾ' ਕਵਿਤਾ ਪੇਸ਼ ਕੀਤੀ ਤੇ ਆਰਵ ਜੀਤ ਨੇ 'ਤਿੰਰਗੇ ਝੰਡੇ' ਦੇ ਬਾਰੇ ਦੱਸਿਆ। ਯੂ.ਕੇ.ਜੀ. ਜਮਾਤ ਦੇ ਵਿਦਿਆਰਥੀਆਂ ਨੇ ਸਮੂਹ ਗਾਣ ਪੇਸ਼ ਕੀਤਾ ਤੇ ਐੱਲ ਕੇ.ਜੀ ਦੇ ਵਿਦਿਆਰਥੀ ਯਵਰਾਜ ਸਿੰਘ ਨੇ 'ਤਿੰਨ ਰੰਗ ਕਾ ਝੰਡਾ' ਕਵਿਤਾ ਪੇਸ਼ ਕੀਤੀ। ਜਮਾਤ ਨਰਸਰੀ, ਐੱਲ.ਕੇ.ਜੀ. ਅਤੇ ਯੂ.ਕੇ.ਜੀ. ਜਮਾਤ ਦੇ ਵਿਦਿਆਰਥੀਆਂ ਨੇ ਦੇਸ਼ ਭਗਤੀ ਦੇ ਗਾਣਿਆ ਤੇ ਆਪਣਾ ਆਪਣਾ ਡਾਂਸ ਪੇਸ਼ ਕੀਤਾ, ਦੂਜੀ, ਤੀਜੀ ਤੇ ਛੇਵੀ ਜਮਾਤ ਦੀ ਵਿਦਿਆਰਥਣਾਂ ਨੇ ਦੇਸ਼ ਪ੍ਰੇਮ ਪ੍ਰਤੀ ਡਾਂਸ ਪੇਸ਼ ਕੀਤਾ। ਜਮਾਤ ਨਰਸਰੀ, ਐੱਲ.ਕੇ.ਜੀ. ਅਤੇ ਯੂ.ਕੇ.ਜੀ. ਦੇ ਵਿਦਿਆਰਥੀਆਂ ਨੇ ਦੇਸ਼ ਭਗਤਾਂ ਦੇ ਕਿਰਦਾਰ ਦੀਆਂ ਪੋਸ਼ਾਕਾਂ ਪਾ ਕੇ ਦੇਸ਼ਭਗਤੀ ਦੀ ਪ੍ਰੇਰਨਾ ਦਿੱਤੀ ਤੇ ਦੂਜੀ ਤੋ ਛੇਵੀ ਜਮਾਤ ਦੇ ਵਿਦਿਆਰਥੀ ਦੇ ਦੇਸ਼ ਦਾ ਆਜ਼ਾਦੀ 'ਤੇ ਵੱਖ-ਵੱਖ ਮੋਡਲ ਤਿਆਰ ਕੀਤੇ। ਸਕੂਲ ਦੇ ਐਮ.ਡੀ. ਬਲਜੀਤ ਸਿੰਘ, ਡਾਇਰੈਕਟਰ ਪ੍ਰਿੰਸੀਪਲ ਸ਼੍ਰੀਮਤੀ ਸੁਰਿੰਦਰ ਕੌਰ ਅਤੇ ਸਕੂਲ ਦੇ ਪ੍ਰਿੰਸੀਪਲ ਸ਼੍ਰੀਮਤੀ ਰੁਬੀਨਾ ਧੀਰ ਨੇ ਦੇਸ਼ ਭਗਤਾ ਦੀਆਂ ਕੁਰਬਾਨੀ ਬਾਰੇ ਦੱਸਦਿਆਂ ਤੇ ਆਜ਼ਾਦੀ ਦੀ 79ਵਾਂ ਸਾਲ ਦੀ ਵਧਾਈ ਦਿੱਤੀ।

## ਆਜ਼ਾਦੀ




ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

ਜ਼ਾਲਮ ਖੜਾ ਹਵਾ ਖੁੱਲ੍ਹੀ ਵਿਚ, ਆਖੇ: "ਪਿੰਜਰਾ ਸੁਹਣਾ।"
"ਵਿੱਚ ਆ ਜਾਵੇ ਫਿਰ ਮੈਂ ਪੁੱਛਾਂ : ਕਿੰਨਾ ਹੈ ਮਨਮੁਹਣਾ?"
"ਪਰ ਤੋਂ ਹੀਨ ਧਰਾ ਦੇ ਕੈਦੀ, ਓ ਮੂਰਖ! ਦਿਲ ਕਰੜੇ
ਉੱਡਣ ਹਾਰੇ ਪੰਛੀ ਨੂੰ ਇਹ, ਸੋਹਣਾ ਹੈ ਜਿੰਦ ਕੁਹਣਾ।"

ਸੰਤ-ਕਵੀ ਭਾਈ ਵੀਰ ਸਿੰਘ (1872-1957) ਦੀਆਂ ਉਪਰੋਕਤ ਕਾਵਿ-ਸਤਰਾਂ ਆਜ਼ਾਦੀ ਦੇ ਸੰਕਲਪ ਨੂੰ ਬਿਆਨ ਕਰਦੀਆਂ ਹਨ। ਆਜ਼ਾਦੀ ਜਾਂ ਸੁਤੰਤਰਤਾ ਅੰਗਰੇਜ਼ੀ ਦੇ ਸ਼ਬਦ 'ਲਿਬਰਟੀ' ਜਾਂ 'ਇੰਡੀਪੈਂਡੈਂਸ' ਦਾ ਪਰਿਆਏ ਹੈ। ਆਜ਼ਾਦੀ ਦਾ ਅਰਥ ਹੈ- ਕਿਸੇ ਪ੍ਰਕਾਰ ਦੇ ਬੰਧਨ ਤੋਂ ਮੁਕਤੀ ਜਾਂ ਕਿਸੇ ਦੀ ਅਧੀਨਗੀ/ ਗੁਲਾਮੀ ਤੋਂ ਛੁਟਕਾਰਾ। ਇਸੇ ਸੰਦਰਭ ਵਿੱਚ ਚਰਚਿਤ ਰਾਜਨੀਤਕ ਵਿਚਾਰਵਾਨ ਜੀਨ ਜੈਕ ਰੂਸੋ ਦੀ ਇਹ ਪੰਕਤੀ ਵੀ ਧਿਆਨਯੋਗ ਹੈ : "ਆਦਮੀ ਪੈਦਾ ਤਾਂ ਸੁਤੰਤਰ ਹੋਇਆ ਹੈ, ਪਰ ਹਰ ਥਾਂ ਉਹ ਬੰਧਨਾਂ ਵਿੱਚ ਜਕੜਿਆ ਹੋਇਆ ਹੈ।"
ਭਾਰਤੀਆਂ ਨੂੰ 15 ਅਗਸਤ 1947 ਦੇ ਦਿਨ ਅੰਗਰੇਜ਼ਾਂ ਦੀ ਕਰੀਬ ਦੋ ਸੌ ਸਾਲ ਦੀ ਗੁਲਾਮੀ ਤੋਂ ਛੁਟਕਾਰਾ ਮਿਲਿਆ ਸੀ। ਆਜ਼ਾਦੀ ਦੇ ਇਸ ਸੰਘਰਸ਼ 'ਚ ਜਿੱਥੇ ਹੋਰਨਾਂ ਲੋਕਾਂ ਨੇ ਯੋਗਦਾਨ ਪਾਇਆ, ਉੱਥੇ ਸਿੱਖਾਂ ਨੇ ਘੱਟ ਗਿਣਤੀ ਹੋਣ ਦੇ ਬਾਵਜੂਦ ਦੇਸ਼ ਦੀ ਆਜ਼ਾਦੀ ਵਿੱਚ ਸਭ ਤੋਂ ਵੱਧ ਅਤੇ ਮਹੱਤਵਪੂਰਨ ਹਿੱਸਾ ਪਾਇਆ।
ਆਜ਼ਾਦੀ ਤੋਂ ਭਾਵ ਕਿਸੇ ਗ਼ੈਰ ਦੀ ਅਧੀਨਗੀ ਤੋਂ ਸਰੀਰਕ ਮੁਕਤੀ ਹੀ ਨਹੀਂ ਹੈ, ਸਗੋਂ ਇਸ ਵਿੱਚ ਆਰਥਿਕ, ਸੱਭਿਆਚਾਰਕ, ਸਮਾਜਿਕ, ਰਾਜਨੀਤਕ ਅਤੇ ਮਾਨਸਿਕ ਸੁਤੰਤਰਤਾ ਨੂੰ ਵੀ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ। ਪ੍ਰਿੰ. ਸੰਤ ਸਿੰਘ ਸੇਖੋਂ ਨੇ ਆਪਣੇ ਇੱਕ ਨਾਟਕ ਵਿੱਚ ਆਰਥਿਕ ਆਜ਼ਾਦੀ ਨੂੰ ਰੇਖਾਂਕਿਤ ਕਰਦਿਆਂ ਕਿਹਾ ਹੈ, "ਆਰਥਿਕ ਸੁਤੰਤਰਤਾ ਤੋਂ ਬਗੈਰ ਔਰਤ ਦੀ ਆਜ਼ਾਦੀ ਦਾ ਕੋਈ ਅਰਥ ਨਹੀਂ ਹੈ।" ਵਿਅਕਤੀ ਸਵੈਮਾਣ, ਸਵੈਵਿਸ਼ਵਾਸ, ਸਵੈਇੱਛਾ ਨਾਲ ਜੀਅ ਸਕੇ, ਆਪਣੇ ਵਿਚਾਰ ਪ੍ਰਗਟ ਕਰ ਸਕੇ, ਸਮਾਜ ਵਿੱਚ ਵਿਚਰ ਸਕੇ- ਇਹ ਵੀ ਆਜ਼ਾਦੀ ਨਾਲ ਜੁੜੇ ਕੁਝ ਹੋਰ ਪ੍ਰਮੁੱਖ ਸੂਤਰ ਹਨ।
ਸਿੱਖ ਗੁਰੂਆਂ ਅਤੇ ਭਗਤਾਂ ਨੇ ਵਿਅਕਤੀ ਨੂੰ ਸਵੈਮਾਣ, ਸਨਮਾਨ ਅਤੇ ਸੁਤੰਤਰਤਾ ਨਾਲ ਜੀਣ ਦੀ ਜਾਚ ਸਿਖਾਈ। ਸਿੱਖ ਧਰਮ ਦੇ ਆਦਿ ਗੁਰੂ ਬਾਬਾ ਨਾਨਕ (1469-1539) ਨੇ ਆਪਣੀ ਇੱਜ਼ਤ ਨੂੰ ਛਿੱਕੇ ਟੰਗ ਕੇ ਜਿਉਣ, ਭਾਵ ਪਰਤੰਤਰ ਹੋ ਕੇ ਰਹਿਣ ਨੂੰ ਹਰਾਮ ਖਾਣ ਦੇ ਤੁੱਲ ਦੱਸਿਆ ਹੈ। ਆਪਣੀ ਬਾਣੀ ਵਿਚ ਉਨ੍ਹਾਂ ਨੇ ਥਾਂ-ਪੁਰ-ਥਾਂ ਇਸ ਬਾਰੇ ਉਲੇਖ ਕੀਤਾ ਹੈ:

ਜੇ ਜੀਵੈ ਪਤੁ ਲਥੀ ਜਾਇ॥
ਸਭੁ ਹਰਾਮੁ ਜੇਤਾ ਕਿਛੁ ਖਾਇ॥ (ਪੰਨਾ 142)

ਗੁਰੂ ਤੇਗ ਬਹਾਦਰ ਜੀ ਵੀ ਇਸੇ ਪ੍ਰਕਾਰ ਦੀ ਆਦਰਸ਼ਕ ਜੀਵਨ-ਜਾਚ ਸਿਖਾਉਂਦੇ ਹੋਏ ਵਿਅਕਤੀ ਨੂੰ ਨਾ ਕਿਸੇ ਨੂੰ ਡਰਾਉਣ ਤੇ ਨਾ ਕਿਸੇ ਤੋਂ ਡਰਨ ਦੀ ਗੱਲ ਕਰਦੇ ਹਨ, ਜਿਸਦਾ ਭਾਵ-ਅਰਥ ਵੀ ਕਿਸੇ ਨਾ ਕਿਸੇ ਤਰ੍ਹਾਂ ਆਜ਼ਾਦੀ ਹੀ ਹੈ:

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥
(ਪੰਨਾ 1427)

ਗੁਰਬਾਣੀ ਵਿੱਚ ਵਿਅਕਤੀ ਨੂੰ ਸਿਰਫ਼ ਪਰਮਾਤਮਾ ਦੀ ਅਧੀਨਗੀ ਵਿੱਚ ਆਉਣ ਦੀ ਲੋੜ ਤੇ ਜ਼ੋਰ ਦਿੱਤਾ ਗਿਆ ਹੈ, ਨਾ ਕਿ ਕਿਸੇ ਵਿਅਕਤੀ ਵਿਸ਼ੇਸ਼ ਦੀ ਅਧੀਨਗੀ ਵਿੱਚ। ਇੱਥੋਂ ਤੱਕ ਕਿ ਭਗਤ ਕਬੀਰ ਜੀ ਨੇ ਰਾਜਿਆਂ-ਮਹਾਰਾਜਿਆਂ ਨੂੰ ਵੀ ਦੋ- ਚਾਰ ਦਿਨਾਂ ਦੇ ਪ੍ਰਾਹੁਣੇ (ਏ ਭੂਪਤਿ ਸਭ ਦਿਵਸੁ ਚਾਰਿ ਕੇ ਝੂਠੇ ਕਰਤ ਦਿਵਾਜਾ...) ਕਹਿ ਕੇ ਉਨ੍ਹਾਂ ਦੀ ਛਿਣ-ਭੰਗਰਤਾ ਜਾਂ ਥੁੜ ਚਿਰੀ ਹਕੂਮਤ ਦਾ ਬੋਧ ਕਰਵਾਇਆ ਹੈ।
ਗੁਰੂ-ਕਾਲ ਤੋਂ ਪਹਿਲਾਂ ਔਰਤ ਨੂੰ ਮਰਦ ਦੀ ਗੁਲਾਮ, ਪਿਛਾਂਹਖਿੱਚੂ ਅਤੇ ਅਬਲਾ ਆਦਿ ਨਾਂਵਾਂ ਨਾਲ ਸੰਬੋਧਿਤ ਕੀਤਾ ਜਾਂਦਾ ਸੀ, ਜਦਕਿ ਗੁਰੂ ਨਾਨਕ ਦੇਵ ਜੀ ਨੇ ਸਭ ਤੋਂ ਪਹਿਲਾਂ ਔਰਤ ਦੇ ਹੱਕ ਵਿੱਚ ਉਸ ਦੀ ਆਜ਼ਾਦੀ ਸਬੰਧੀ ਜ਼ੋਰਦਾਰ ਆਵਾਜ਼ ਬੁਲੰਦ ਕੀਤੀ:

ਸੋ ਕਿਉ ਮੰਦਾ ਆਖੀਐ
ਜਿਤੁ ਜੰਮਹਿ ਰਾਜਾਨੁ॥ (ਪੰਨਾ 473)

ਬਾਣੀਕਾਰਾਂ ਨੇ ਕਿਸੇ ਵਿਅਕਤੀ ਦੀ ਅਧੀਨਗੀ ਸਵੀਕਾਰ ਕਰਨ ਨਾਲੋਂ ਮੌਤ ਨੂੰ ਤਰਜੀਹ ਦਿੱਤੀ। ਗੁਰੂ ਤੇਗ ਬਹਾਦਰ 'ਹਿੰਦ ਦੀ ਚਾਦਰ' (1621-1675 ਈ.) ਨੇ ਹਿੰਦੂ ਧਰਮ ਦੀ ਆਨ, ਬਾਨ ਤੇ ਸ਼ਾਨ ਨੂੰ ਬਚਾਉਣ ਲਈ, ਉਨ੍ਹਾਂ ਦੇ ਤਿਲਕ ਤੇ ਜੰਞੂ ਦੀ ਰਾਖੀ ਲਈ ਆਪਣੇ ਪ੍ਰਾਣਾਂ ਦੀ ਆਹੂਤੀ ਤੱਕ ਦੇ ਦਿੱਤੀ। ਧਾਰਮਿਕ ਆਜ਼ਾਦੀ ਲਈ ਕੀਤਾ ਗਿਆ ਗੁਰੂ ਤੇਗ ਬਹਾਦਰ ਜੀ ਦਾ ਬਲੀਦਾਨ ਕਲਜੁਗ ਅੰਦਰ ਇੱਕ ਮਹਾਨ ਸਾਕਾ ਸੀ। ਦੁਨੀਆਂ ਦੇ ਇਤਿਹਾਸ ਵਿੱਚ ਅਜਿਹੀ ਕੋਈ ਦੂਜੀ ਮਿਸਾਲ ਨਹੀਂ ਮਿਲਦੀ। ਆਜ਼ਾਦੀ ਦਾ ਜੋ ਪਰਚਮ ਗੁਰੂ ਨਾਨਕ ਦੇਵ ਜੀ ਨੇ ਬਾਬਰ ਨੂੰ ਜਾਬਰ ਕਹਿ ਕੇ ਲਹਿਰਾਇਆ, ਗੁਰੂ ਗੋਬਿੰਦ ਸਿੰਘ ਜੀ (1666-1708 ਈ.) ਨੇ ਆਪਣਾ ਸਰਬੰਸ ਵਾਰ ਕੇ ਇਸ ਨੂੰ ਹੋਰ ਗੂੜ੍ਹੀ ਇਬਾਰਤ ਵਿੱਚ ਲਿਖ ਕੇ ਪ੍ਰਸਾਰਿਆ। ਗੁਰੂ-ਕਾਲ ਵਿੱਚ ਅਤੇ ਉਨ੍ਹਾਂ ਤੋਂ ਪਿੱਛੋਂ ਸਿੱਖ ਸ਼ਹੀਦੀਆ ਦਾ ਜੋ ਲੰਮਾ ਸਿਲਸਿਲਾ ਚਲਦਾ ਰਿਹਾ, ਉਸ ਦਾ ਮੂਲ ਆਜ਼ਾਦੀ ਦਾ ਸੂਤਰ ਹੀ ਸੀ।
ਸਾਂਝਾਪਣ, ਏਕਤਾ, ਸਮਾਨਤਾ, ਬਰਾਬਰੀਅਤਾ, ਸਾਂਝੀਵਾਲਤਾ ਆਦਿ ਦਾ ਸਬੰਧ ਕਿਤੇ ਨਾ ਕਿਤੇ ਆਜ਼ਾਦੀ ਨਾਲ ਹੀ ਹੈ। ਇਨ੍ਹਾਂ ਸਦਗੁਣਾਂ ਦਾ ਸੰਚਾਰ ਤਾਂ ਹੀ ਹੋ ਸਕੇਗਾ, ਜੇ ਅਸੀਂ ਦੂਜਿਆਂ ਨੂੰ ਆਜ਼ਾਦ ਸੋਚ, ਆਜ਼ਾਦ ਖਿਆਲ ਅਤੇ ਆਜ਼ਾਦ ਰਹਿਣੀ-ਬਹਿਣੀ ਪ੍ਰਦਾਨ ਕਰਾਂਗੇ।
ਪਿੰਜਰੇ ਵਿੱਚ ਬੰਦ ਪੰਛੀਆਂ ਨੂੰ ਨੀਲ ਗਗਨ ਵਿਚ ਉੱਚੀਆਂ ਉਡਾਰੀਆਂ ਲਾਉਣ ਦਿਓ, ਐਕੁਏਰੀਅਮ ਵਿੱਚ ਰੱਖੀਆਂ ਮੱਛੀਆਂ ਨੂੰ ਸਮੁੰਦਰਾਂ/ ਸਰੋਵਰਾਂ ਦੀ ਡੂੰਘਾਈ ਨਾਪਣ ਦਿਓ, ਪ੍ਰਯੋਗਸ਼ਾਲਾ ਵਿਚ ਕੈਦ ਤਿਤਲੀਆਂ ਨੂੰ ਫੁੱਲਾਂ ਉੱਤੇ ਮੰਡਰਾਉਣ ਦਿਓ, ਸਰਕਸਾਂ ਵਿੱਚ ਤਾੜੇ ਜਾਨਵਰਾਂ ਨੂੰ ਜੰਗਲਾਂ-ਬੇਲਿਆਂ ਵਿਚ ਦੁੜੰਗੇ ਲਾਉਣ ਦਿਓ- ਫਿਰ ਵੇਖੋ, ਇਹ ਜੀਵ-ਜੰਤੂ ਆਜ਼ਾਦੀ ਦਾ ਕਿੰਨਾ ਨਿੱਘ/ਆਨੰਦ ਮਾਣਦੇ ਨੇ...
ਆਜ਼ਾਦੀ ਦਾ ਸੁਨੇਹਾ ਦਿੰਦਾ ਪੰਜਾਬੀ ਕਵੀ ਪ੍ਰੋ. ਮੋਹਨ ਸਿੰਘ (1905-1978 ਈ.) ਆਪਣੀ ਇੱਕ ਲੰਮੀ ਕਵਿਤਾ 'ਮੈਂ ਨਹੀਂ ਰਹਿਣਾ ਤੇਰੇ ਗਿਰਾਂ' ਵਿੱਚ ਲਿਖਦਾ ਹੈ:

ਲੈ ਲੈ ਆਪਣੀ ਨਜ਼ੀ ਨਵਾਬੀ
ਦੇਹ ਮੈਨੂੰ ਮੇਰੀ ਆਜ਼ਾਦੀ।

ਜਿਥੇ ਵੀਰ ਵੀਰਾਂ ਨੂੰ ਖਾਂਦੇ
ਸਿਰੋਂ ਮਾਰ ਧੁੱਪੇ ਸੁੱਟ ਜਾਂਦੇ।

ਜਿਥੇ ਲੱਖ ਮਣਾਂ ਦਾ ਲੋਹਿਆ
ਜੰਜ਼ੀਰਾਂ ਹੱਥਕੜੀਆਂ ਹੋਇਆ।

ਜਿਥੇ ਸ਼ਾਇਰ ਬੋਲ ਸੱਕਣ
ਦਿਲ ਦੀਆਂ ਘੁੰਡੀਆਂ ਖੋਲ੍ਹ ਨਾ ਸੱਕਣ।

ਮੈਂ ਨਹੀਂ ਰਹਿਣਾ ਐਸੀ ਥਾਂ...
ਮੈਂ ਨਹੀਂ ਰਹਿਣਾ ਤੇਰੇ ਗਿਰਾਂ।

ਅੱਜ ਅਸੀਂ ਨਸ਼ਿਆਂ ਦੀ ਦਲਦਲ ਵਿੱਚ ਫਸ ਕੇ ਸਰੀਰਕ ਆਜ਼ਾਦੀ ਤੇ ਅੰਕੁਸ਼ ਲਾ ਬੈਠੇ ਹਾਂ, ਦਾਜ ਦੇ ਲੋਭੀ ਬਣ ਕੇ ਵਿਆਹੁਤਾ ਜ਼ਿੰਦਗੀਆਂ ਨੂੰ ਆਤਮਹੱਤਿਆਵਾਂ ਲਈ ਮਜਬੂਰ ਕਰ ਰਹੇ ਹਾਂ, ਪੈਸੇ ਦੇ ਗੁਲਾਮ ਹੋ ਕੇ ਸਕੇ-ਸਬੰਧੀਆਂ ਨਾਲੋਂ ਨਾਤੇ ਤੋੜ ਰਹੇ ਹਾਂ, ਭਰੂਣ-ਹੱਤਿਆਵਾਂ ਦੇ ਰੂਪ ਵਿੱਚ ਨੰਨ੍ਹੀਆਂ ਕੰਜਕਾਂ ਤੋਂ ਸਾਹ ਲੈਣ ਦਾ ਹੱਕ ਖੋਹ ਰਹੇ ਹਾਂ, ਰੁੱਖਾਂ ਤੇ ਕੁਹਾੜੇ ਚਲਾ ਕੇ ਖ਼ੁਦ ਨੂੰ ਪ੍ਰਦੂਸ਼ਣ ਵਿੱਚ ਜੀਣ ਲਈ ਮਜਬੂਰ ਕਰ ਰਹੇ ਹਾਂ, ਸਕਰੀਨ (ਇੰਟਰਨੈੱਟ) ਦੇ ਜਾਲ ਵਿੱਚ ਫਸ ਕੇ ਆਪਣਿਆਂ ਨਾਲੋਂ ਸੰਬੰਧ ਤੋੜ ਰਹੇ ਹਾਂ, ਪ੍ਰਤੀਯੋਗਤਾਵਾਂ ਦੇ ਦੌਰ ਵਿਚ ਪਿੱਛੇ ਰਹਿਣ ਕਰਕੇ ਖ਼ੁਦਕੁਸ਼ੀਆਂ ਨੂੰ ਹੀ ਸਹੀ ਮੰਨ ਬੈਠੇ ਹਾਂ... ਇਹ ਕੇਹੀ ਆਜ਼ਾਦੀ ਹੈ! ਪੁਸਤਕਾਂ ਨਾਲ, ਜ਼ਿੰਦਗੀ ਨਾਲ, ਕੁਦਰਤ ਨਾਲ, ਸੱਭਿਆਚਾਰ ਨਾਲ ਸਾਂਝ ਪਾਈਏ! ਸਭ ਨੂੰ ਆਜ਼ਾਦੀ ਦਾ ਹੱਕ ਦੇਈਏ! 'ਜੀਓ ਤੇ ਜੀਣ ਦਿਓ' ਦਾ ਨਾਅਰਾ ਬੁਲੰਦ ਕਰੀਏ!! ਭਾਈ ਵੀਰ ਸਿੰਘ ਦੀਆਂ ਇਨ੍ਹਾਂ ਕਾਵਿ-ਪੰਕਤੀਆਂ ਨੂੰ ਸਦਾ ਚੇਤੇ ਰੱਖੀਏ:


ਸਾਨੂੰ ਰੱਖ ਸੁਤੰਤਰ ਦਾਤੇ
ਬੰਦੀ ਸਾਥੋਂ ਦੂਰ ਰਹੇ।

ਪਰਤੰਤਰ ਨਾ ਕਦੇ ਕਰਾਵੀਂ
ਖੁੱਲ੍ਹ ਦਾ ਸਦਾ ਸ਼ਊਰ ਰਹੇ।...

ਜੰਗਲ ਵਾਸਾ ਬੇਸ਼ੱਕ ਦੇਵੀਂ
ਮਾੜੀ ਮਹਲ ਨਾ ਸ਼ਹਿਰ ਦਈਂ।

ਤਨ ਨੂੰ ਕੱਜਣ ਖ਼ੁਸ਼ੀ ਮਿਲੇ
ਪਰ ਖੁੱਲ੍ਹ ਕਦੇ ਨਾ ਖੱਸ ਲਈਂ।

## ਜੀਵੇ ਧਰਤੀ ਪੰਜ ਦਰਿਆਵਾਂ ਦੀ




ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ

ਜੀਵੇ ਧਰਤੀ ਪੰਜ ਦਰਿਆਵਾਂ ਦੀ,
ਸੀਨੇ ਵਿਚ ਬੀਜੇ ਚਾਵਾਂ ਦੀ ।
ਅੱਜ ਟੁੱਟ ਕੇ ਤੰਦੋ ਤੰਦ ਹੋਈ,
ਇਹਦੇ ਤੇਜ਼ ਧੜਕਦੇ ਸਾਹਵਾਂ ਦੀ ।

ਓਧਰ ਵੀ ਪੀੜਾਂ, ਘੱਟ ਨਹੀਂ,
ਏਧਰ ਵੀ ਸੁਪਨ ਕਰੰਡੇ ਗਏ ।
ਸੂਰਜ ਦੇ ਹੁੰਦਿਆਂ ਸੁੰਦਿਆਂ ਹੀ,
ਅਸੀਂ ਸਿਖ਼ਰ ਦੁਪਹਿਰੇ ਵੰਡੇ ਗਏ ।

ਉਹ ਹੋਰ ਕਿਤਾਬਾਂ ਲੱਭਦੇ ਰਹੇ,
ਅਸੀਂ ਹੋਰ ਕਿਤਾਬਾਂ ਪੜ੍ਹਦੇ ਰਹੇ ।
ਸੋਚਾਂ ਨੂੰ ਨਾਗਾਂ ਵੱਸ ਪਾ ਕੇ,
ਅਸੀਂ ਦੋਸ਼ ਹਵਾ ਸਿਰ ਮੜ੍ਹਦੇ ਰਹੇ ।

ਤੀਜੇ ਦੀ ਚੁੱਕਣਾ ਵਿਚ ਆ ਕੇ,
ਅਸੀਂ ਭੁੱਲ ਬੈਠੇ ਸਾਂ ਲੋੜਾਂ ਨੂੰ ।
ਨੇਰ੍ਹੇ ਵਿਚ ਗਲੀਆਂ ਛਾਣਦਿਆਂ,
ਭੁੱਲੇ ਜਾਂ ਘਰ ਦੀਆਂ ਥੋੜਾਂ ਨੂੰ ।

ਅਸੀਂ ਸਿਰਫ਼ ਕਚੀਚੀਆਂ ਵੱਟਦੇ ਰਹੇ,
ਸਾਨੂੰ ਪਿਆਰ ਭਰੱਪਣ ਭੁੱਲ ਗਿਆ ।
ਤੇ ਸਵਾਹ ਦੀਆਂ ਪੁੜੀਆਂ ਸਾਂਭਦਿਆਂ,
ਸਾਡਾ ਘਿਉ ਦਾ ਪੀਪਾ ਡੁੱਲ੍ਹ ਗਿਆ ।

ਮਹੁਰੇ ਦਾ ਵਣਜ ਵਿਹਾਜਦਿਆਂ,
ਰੇਤੇ ਵਿਚ ਖੰਡ ਦੀ ਬੋਰੀ ਗਈ ।
ਅਸੀਂ ਪਿੱਛੇ ਪਿੱਛੇ ਤੁਰਦੇ ਗਏ,
ਇਹ ਨਾਗਣ ਜਿੱਧਰ ਤੋਰੀ ਗਈ ।

ਵੰਝਲੀ ਦੀ ਥਾਂ ਤੇ ਤੋਪਾਂ ਨੇ,
ਜੋ ਬੋਲ ਉਚਾਰੇ, ਸੁਣਦੇ ਰਹੇ ।
ਇਕ ਦੂਜੇ ਦੇ ਖਣਵਾਦੇ ਨੂੰ,
ਅਸੀਂ ਬਿਨਾਂ ਪੋਣੀਓਂ ਪੁਣਦੇ ਰਹੇ ।

ਮਿਹਣੇ ਦਰ ਮਿਹਣੇ ਦੇਂਦੇ ਰਹੇ,
ਅਸੀਂ ਆਹ ਕੀਤਾ, ਤੁਸੀਂ ਆਹ ਕੀਤਾ ।
ਅੱਗਾਂ ਦੀਆਂ ਖੇਡਾਂ ਖੇਡਦਿਆਂ,
ਅਸੀਂ ਆਪਣਾ ਵਕਤ ਤਬਾਹ ਕੀਤਾ ।

ਫੁੱਲਾਂ ਦੀਆਂ ਖਿੜੀਆਂ ਲੜੀਆਂ ਨੂੰ,
ਨਫ਼ਰਤ ਦੇ ਨਾਲ ਸਵਾਹ ਕੀਤਾ ।
ਰਲ ਜੀਣ ਮਰਨ ਦੀ ਰਹਿਤਲ ਨੂੰ,
ਅਸੀਂ ਹੱਥੀਂ ਆਪ ਜ਼ਿਬਾਹ ਕੀਤਾ ।

ਅਸੀਂ ਸਾਂਝੇ ਚੰਨ ਦੇ ਟੋਟੇ ਕਰ,
ਬੱਸ ਤਾਰਿਆਂ ਨਾਲ ਹੀ ਪਰਚ ਗਏ ।
ਸਦੀਆਂ ਦੀ ਸਾਂਝੀ ਪੂੰਜੀ ਨੂੰ,
ਐਟਮ ਦੀ ਖ਼ਾਤਰ ਖ਼ਰਚ ਗਏ ।

ਅਸੀਂ ਭਰ ਵਗਦੇ ਦਰਿਆਵਾਂ ਦੇ,
ਪਾਣੀ ਵਿਚ ਲੀਕਾਂ ਵਾਹ ਲਈਆਂ ।
ਧੁੱਪਾਂ ਤੇ ਛਾਵਾਂ ਵੰਡ ਲਈਆਂ,
ਤੇ ਵੱਖ-ਵੱਖ ਮੰਜੀਆਂ ਡਾਹ ਲਈਆਂ ।

ਅਸੀਂ ਵੰਡਦੇ ਵੰਡਦੇ ਭੁੱਲ ਗਏ ਸਾਂ,
ਮਾਂ ਬੋਲੀ ਤਾਂ ਹੀ ਸਾਂਝੀ ਰਹੀ ।
ਪਰ ਵਰ੍ਹਿਆਂ ਤੀਕਰ ਪੁੱਤਰਾਂ ਦੇ,
ਇਹ ਮੇਲ-ਮਿਲਾਪੋਂ ਵਾਂਝੀ ਰਹੀ ।

ਸਾਨੂੰ ਛਲਦੀ, ਦਲਦੀ, ਮਲਦੀ ਰਹੀ,
ਚੱਕੀ ਸਮਿਆਂ ਦੀ ਬੇਕਿਰਕ ਜਹੀ ।
ਸਾਹਾਂ ਦੇ ਆਟੇ ਵਿਚ ਰਲ ਗਈ,
ਇਸ ਕਰਕੇ ਹੀ ਕੁਝ ਕਿਰਕ ਜਹੀ ।

ਚਾਵਾਂ, ਦਰਿਆਵਾਂ, ਸਾਹਵਾਂ ਵਿਚ,
ਗਲਘੋਟੂ ਧੂੰਆਂ ਆ ਵੜਿਆ ।
ਸਾਡੇ ਨੀਲ-ਬਲੌਰੀ ਅੰਬਰਾਂ ਤੇ,
ਦਿਨ ਦੀਵੀਂ ਕਾਲਾ ਚੰਨ ਚੜ੍ਹਿਆ ।

ਰਾਤਾਂ ਦੀ ਨੀਂਦਰ ਸਹਿਮ ਗਈ,
ਸੁਪਨੇ ਵੀ ਥਰ ਥਰ ਕੰਬਦੇ ਰਹੇ ।
ਅਸੀਂ ਰੱਸੀਆਂ ਦੇ ਸੱਪ ਮਾਰਨ ਲਈ,
ਇੱਕ ਦੂਜੇ ਤਾਈਂ ਡੰਗਦੇ ਰਹੇ ।

ਅਕਲਾਂ ਨੂੰ ਜੰਦਰੇ ਮਾਰ ਲਏ,
ਤੇ ਪਸ਼ੂਆਂ ਵਾਂਗੂੰ ਖਹਿੰਦੇ ਰਹੇ ।
ਨੇਰ੍ਹੇ ਵਿਚ ਝੱਗੋ ਝੱਗ ਹੋ ਕੇ,
ਦੂਜੇ ਨੂੰ ਮੰਦੜਾ ਕਹਿੰਦੇ ਰਹੇ ।

ਸਰਹੱਦਾਂ, ਹੱਦਾਂ ਬਾਲ ਬਾਲ,
ਅਸੀਂ ਲੜ ਲੜ ਮਰ ਮਰ ਵੇਖ ਲਿਆ ।
ਇਕ ਦੂਜੇ ਦੇ ਘਰ ਸਾੜ ਸਾੜ,
ਅਸੀਂ ਕੋਲੇ ਕਰ ਕਰ ਵੇਖ ਲਿਆ ।

ਇਸ ਅਗਨ ਖੇਡ ਵਿਚ ਹਰ ਵਾਰੀ,
ਪੰਜਾਬੀ ਹੀ ਸੀ ਜੀਅ ਮਰਦਾ ।
ਜੇ ਪੁੱਤਰਾਂ ਨੂੰ ਹੀ ਸ਼ਰਮ ਨਹੀਂ,
ਰਾਵੀ ਦਾ ਪਾਣੀ ਕੀਹ ਕਰਦਾ?

ਸਤਿਲੁਜ ਤੇ ਬਿਆਸ ਉਦਾਸ ਜਹੇ,
ਜੇਹਲਮ ਨੂੰ ਮਿਲਣੋਂ ਡਰਦੇ ਰਹੇ ।
ਸੋਹਣੀ ਦੇ ਝਨਾਂ ਨੂੰ ਤਰਨ ਲਈ,
ਮਹੀਂਵਾਲ ਤਰਸ ਕੇ ਮਰਦੇ ਰਹੇ ।

ਦੋ ਚੁੱਲ੍ਹਿਆਂ ਤੇ ਇੱਕ ਟੱਬਰ ਦੀ,
'ਕੱਠੀ ਬਣ ਸਕਦੀ ਰੋਟੀ ਸੀ ।
ਵਿਚਕਾਰੇ ਬਲਦੀ ਲੀਕ ਜੇਹੀ,
ਗੋਰੇ ਦੀ ਨੀਅਤ ਖੋਟੀ ਸੀ ।

ਅਸੀਂ ਨਫ਼ਰਤ ਨਫ਼ਰਤ ਖੇਡਦਿਆਂ,
ਪਿਆਰਾਂ ਦੀ ਬਾਜ਼ੀ ਹਾਰ ਗਏ ।
ਅਸੀਂ ਕਣਕ ਕਪਾਹਾਂ ਵੇਚ ਵੇਚ,
ਤੀਜੇ ਹੱਥ ਬਣ ਹਥਿਆਰ ਗਏ ।

ਹਥਿਆਰਾਂ ਤੋਂ, ਸਰਕਾਰਾਂ ਤੋਂ,
ਧਰਤੀ ਦੇ ਖੇਖਣਹਾਰਾਂ ਤੋਂ ।
ਇਹ ਪਾਣੀ ਸੁੱਚੇ ਰੱਖਣੇ ਨੇ,
ਹੁਣ ਰੱਤ ਦੇ ਵਣਜ ਵਪਾਰਾਂ ਤੋਂ ।

ਅਸੀਂ ਭਗਤ ਸਿੰਘ ਸਰਦਾਰ ਵਾਂਗ,
ਲੈਣੀ ਏ ਗੁੜ੍ਹਤੀ ਦੁੱਲੇ ਤੋਂ ।
ਤੇ ਸਾਂਝੀ ਲੋਕ ਵਿਰਾਸਤ ਲਈ,
ਖਾਣੀ ਏ ਬੁਰਕੀ ਬੁੱਲ੍ਹੇ ਤੋਂ ।

ਅਸੀਂ ਵਾਰਿਸ ਸ਼ਾਹ ਦੇ ਵਾਰਿਸ ਹਾਂ,
ਤੇ ਨਾਨਕ ਦੀ ਸੰਤਾਨ ਵੀ ਹਾਂ ।
ਅੱਜ ਕਿੱਦਾਂ ਇਹ ਗੱਲ ਭੁੱਲ ਜਾਈਏ,
ਕਲਬੂਤ ਅਲੱਗ, ਇੱਕ ਜਾਨ ਵੀ ਹਾਂ ।

ਵਰ੍ਹਿਆਂ ਦੀ ਕੁੜੱਤਣ ਪੀ ਪੀ ਕੇ,
ਹੁਣ ਜਾਨ ਨੂੰ ਸੂਲੀ ਟੰਗਣਾ ਨਹੀਂ ।
ਇਕ ਦੂਜੇ ਦੀ ਸ਼ੁਭ ਖ਼ੈਰ ਬਿਨਾਂ,
ਹੁਣ ਜੀਭੋਂ ਕੁਝ ਵੀ ਮੰਗਣਾ ਨਹੀਂ ।

ਇਨ੍ਹਾਂ ਪੰਜ ਦਰਿਆਈ ਪੁੱਤਰਾਂ ਨੂੰ,
ਹੁਣ ਸਾਂਝੀ ਧੜਕਣ ਬਰ ਆਵੇ ।
ਤੇ ਰਿਸ਼ਮ ਰੁਪਹਿਲੀ ਦਿਨ ਚੜ੍ਹਦੇ,
ਇਨ੍ਹਾਂ ਦੋਹ ਵੀਰਾਂ ਦੇ ਘਰ ਆਵੇ ।